ਹੈਲੋ, ਏ ਸਵੇਇਲ,

ਤੁਹਾਡੇ ਨਾਲ ਇਕ ਵਾਰ ਫਿਰ ਗੱਲ ਕਰਨਾ ਚੰਗਾ ਲੱਗ ਰਿਹਾ ਹੈ। ਮੈਂ ਸੋਚਿਆ ਨਹੀਂ ਸੀ ਕਿ ਮੈਂ ਕੋਵਿਡ ਬਾਰੇ ਕੋਈ ਹੋਰ ਵੀਡੀਓ ਬਣਾਵਾਂਗਾ। ਪਰ ਇਕ ਵਾਰ ਫਿਰ ਅਸੀਂ ਇਸ ਬਾਰੇ ਗੱਲ ਕਰ ਰਹੇ ਹਾਂ, ਅਤੇ ਅਗਲਾ ਹਫਤਾ ਸਾਡੇ ਸਿਰ `ਤੇ ਖੜ੍ਹਾ ਹੈ ਅਤੇ ਇਹ ਸਾਡਾ ਖਹਿੜਾ ਨਹੀਂ ਛੱਡ ਰਿਹਾ। ਤੁਸੀਂ ਜਾਣਦੇ ਹੀ ਹੋਵੋਗੇ ਕਿ ਸੂਬੇ ਨੇ ਸਕੂਲਾਂ ਦਾ ਦੁਬਾਰਾ ਪੂਰੀ ਤਰ੍ਹਾਂ ਖੋਲ੍ਹਣਾ 10 ਜਨਵਰੀ ਤੱਕ ਅੱਗੇ ਪਾ ਦਿੱਤਾ ਹੈ। ਅਗਲੇ ਹਫਤੇ ਅਤੇ ਉਸ ਤੋਂ ਅਗਾਂਹ ਦੇ ਹਫਤਿਆਂ ਵੱਲ ਵੱਧਦਿਆਂ ਮੈਂ ਇਸ ਵੀਡੀਓ ਰਾਹੀਂ ਤੁਹਾਨੂੰ ਕੁੱਝ ਜ਼ਰੂਰੀ ਜਾਣਕਾਰੀ ਦੇਣਾ ਚਾਹੁੰਦਾ ਹਾਂ। ਮੈਂ ਤਿੰਨ ਚੀਜ਼ਾਂ ਬਾਰੇ ਸੋਚ ਰਿਹਾ ਹਾਂ: ਨੰਬਰ ਇਕ, ਓਮੀਕਰੌਨ ਕੀ ਹੈ? ਇਸ ਦਾ ਸਕੂਲਾਂ ਲਈ ਕੀ ਅਰਥ ਹੈ, ਨਵੇਂ ਹੁਕਮਾਂ ਦੀ ਲੋੜ ਕਿਉਂ ਹੈ ਅਤੇ ਕੰਟੈਕਟ ਟ੍ਰੇਸਿੰਗ (ਸੰਪਰਕ ਵਿੱਚ ਆਏ ਲੋਕਾਂ ਦਾ ਪਤਾ ਲਾਉਣਾ) ਅਤੇ ਨੋਟਿਸ ਭੇਜਣ ਦੇ ਸੰਬੰਧ ਵਿੱਚ ਇਸ ਦਾ ਕੀ ਅਰਥ ਹੈ? ਨੰਬਰ ਦੋ, ਤੁਹਾਡੇ ਲਈ, ਤੁਹਾਡੇ ਪਰਿਵਾਰ ਲਈ ਅਤੇ ਸਾਡੇ ਸਟਾਫ ਲਈ ਅਗਲਾ ਹਫਤਾ ਕਿਸ ਤਰ੍ਹਾਂ ਦਾ ਹੋਵੇਗਾ ? ਨੰਬਰ ਤਿੰਨ, ਮੈਂ ਇਸ ਗੱਲ ਬਾਰੇ ਸਪਸ਼ਟ ਕਰਨਾ ਚਾਹੁੰਦਾ ਹਾਂ ਕਿ ਅਜਿਹੀ ਸਥਿਤੀ ਵਿੱਚ ਕੀ ਹੋਵੇਗਾ ਜੇ ਸਕੂਲ ਚਲਾਉਣ ਲਈ ਸਾਡੇ ਕੋਲ ਪੂਰਾ ਸਟਾਫ ਨਾ ਹੋਇਆ। ਇਸ ਨੂੰ ਅਸੀਂ ਫੰਕਸ਼ਨਲ ਕਲੋਜ਼ਰ (ਸਟਾਫ ਦੀ ਕਮੀ ਕਰਕੇ ਸਕੂਲ ਬੰਦ ਕਰਨਾ) ਕਹਿੰਦੇ ਹਨ। ਅਤੇ ਅਗਲੇ ਹਫਤੇ ਦੀ ਵਿਉਂਤ ਬਣਾਉਣ ਵਿੱਚ ਇਸ ਗੱਲ ਦਾ ਵੱਡਾ ਹਿੱਸਾ ਹੈ।

**ਨੰਬਰ ਇਕ: ਓਮੀਕਰੌਨ ਕੀ ਹੈ?**

ਕੇਸਾਂ ਦੀ ਬਹੁਤ ਵੱਡੀ ਗਿਣਤੀ ਤੋਂ ਅੱਗੇ ਜੋ ਅਸੀਂ ਜਾਣਦੇ ਹਾਂ, ਉਹ ਇਹ ਹੈ ਕਿ ਵਾਇਰਸ ਦੀਆਂ ਪਹਿਲੀਆਂ ਕਿਸਮਾਂ ਦੇ ਮੁਕਾਬਲੇ ਵਾਇਰਸ ਦੀ ਇਸ ਕਿਸਮ ਦਾ ਇਨਕੁਬੇਸ਼ਨ ਪੀਰੀਅਡ (ਵਾਇਰਸ ਦੀ ਲਾਗ ਲੱਗਣ ਤੋਂ ਲੈ ਕੇ ਲੱਛਣ ਪ੍ਰਗਟ ਹੋਣ ਦਾ ਸਮਾਂ) ਛੋਟਾ ਹੈ। ਅਤੇ ਅਗਲੀ ਗੱਲ ਇਹ ਹੈ ਕਿ ਇਹ ਕਿਸਮ ਬਹੁਤ ਜ਼ਿਆਦਾ ਫੈਲਣ ਵਾਲੀ ਹੈ, ਦੂਜੀਆਂ ਕਿਸਮਾਂ ਦੇ ਮੁਕਾਬਲੇ ਬਹੁਤ ਜ਼ਿਆਦਾ ਫੈਲਣ ਵਾਲੀ। ਇਹ ਗੱਲ ਇਸ ਲਈ ਮਹੱਤਵਪੂਰਨ ਹੈ ਕਿ ਪਿਛਲੇ ਸਾਲਾਂ ਦੌਰਾਨ ਕੋਵਿਡ ਨੂੰ ਕੰਟਰੋਲ ਕਰਨ ਲਈ ਸਾਡੇ ਵੱਲੋਂ ਚੁੱਕਿਆ ਜਾਣ ਵਾਲਾ ਇਕ ਮਹੱਤਵਪੂਰਨ ਕਦਮ, ਖਾਸ ਕਰਕੇ ਸਕੂਲਾਂ ਅਤੇ ਨੋਟਿਸ ਭੇਜਣ ਦੇ ਸੰਬੰਧ ਵਿੱਚ, ਕੰਟੈਕਟ ਟ੍ਰੇਸਿੰਗ (ਸੰਪਰਕ ਵਿੱਚ ਆਏ ਲੋਕਾਂ ਦਾ ਪਤਾ ਲਾਉਣਾ) ਸੀ। ਪਰ ਕੰਟੈਕਟ ਟ੍ਰੇਸਿੰਗ ਵਾਇਰਸ ਨਾਲ ਐਕਸਪੋਜ਼ਰ (ਸਾਹਮਣਾ) ਹੋਣ ਤੋਂ ਬਾਅਦ ਸਾਡੇ ਵੱਲੋਂ ਇਹ ਪਤਾ ਲਾਏ ਜਾਣ `ਤੇ ਨਿਰਭਰ ਕਰਦੀ ਸੀ ਕਿ ਵਾਇਰਸ ਦਾ ਸ੍ਰੋਤ ਕਿੱਥੇ ਹੈ ਅਤੇ ਸਭ ਤੋਂ ਪਹਿਲਾ ਕੇਸ ਕਿਹੜਾ ਹੈ। ਪਰ ਹੁਣ ਛੋਟੇ ਇਨਕੁਬੇਸ਼ਨ ਪੀਰੀਅਡ ਅਤੇ ਤੇਜ਼ੀ ਨਾਲ ਫੈਲਣ ਵਾਲੇ ਵਾਇਰਸ ਕਾਰਨ ਕੰਟੈਕਟ ਟ੍ਰੇਸਿੰਗ ਕਰਨਾ ਬਹੁਤ ਜ਼ਿਆਦਾ ਮੁਸ਼ਕਿਲ ਹੋ ਗਿਆ ਹੈ। ਇਸ ਦੇ ਨਾਲ ਹੀ ਸਾਡੇ ਟੈਸਟਾਂ ਅਤੇ ਟੈਸਟ ਕਰਨ ਵਾਲੀਆਂ ਥਾਂਵਾਂ ਦੇ ਆਧਾਰ `ਤੇ ਇਹ ਕਿਹਾ ਜਾ ਰਿਹਾ ਹੈ ਕਿ ਜੇ ਤੁਸੀਂ ਦੋਵੇਂ ਟੀਕੇ ਲਵਾਏ ਹੋਏ ਹਨ ਅਤੇ ਤੁਹਾਡੇ ਵਿੱਚ ਲੱਛਣ ਦਿਖਾਈ ਦੇ ਰਹੇ ਹਨ ਤਾਂ ਟੈਸਟ ਕਰਾਉਣ ਨਾ ਜਾਉ। ਘਰ ਜਾਉ, ਵੈੱਬ ਉੱਤੇ ਲਾਗ ਕਰੋ ਅਤੇ ਇਹ ਪਤਾ ਲਾਉ ਕਿ ਤੁਹਾਨੂੰ ਕੀ ਕਰਨਾ ਚਾਹੀਦਾ ਹੈ। ਅਗਲੀ ਗੱਲ ਇਹ ਹੈ ਕਿ ਹੁਣ ਘਰਾਂ ਵਿੱਚ ਰੈਪਿਡ ਟੈਸਟ ਕੀਤੇ ਜਾਣਗੇ, ਇਸ ਲਈ ਸਾਡੀ ਇਹ ਜਾਣ ਸਕਣ ਦੀ ਸਮਰੱਥਾ ਘੱਟ ਰਹੀ ਹੈ ਕਿ ਵਾਇਰਸ ਦੀ ਲਾਗ ਕਿਸ ਨੂੰ ਲੱਗੀ ਹੈ ਅਤੇ ਪਹਿਲਾ ਕੇਸ ਕਿੱਥੇ ਹੈ। ਇਹਨਾਂ ਸਾਰੀਆਂ ਚੀਜ਼ਾਂ ਦੇ ਸੁਮੇਲ ਦਾ ਮਤਲਬ ਇਹ ਹੈ ਕਿ ਓਮੀਕਰੌਨ ਦੇ ਸੰਬੰਧ ਵਿੱਚ ਕੰਟੈਕਟ ਟ੍ਰੇਸਿੰਗ ਨਾ ਤਾਂ ਕਾਰਗਰ ਹੈ ਅਤੇ ਨਾ ਹੀ ਕੀਤੀ ਜਾ ਸਕਣ ਯੋਗ, ਅਤੇ ਇਸ ਦਾ ਮਤਲਬ ਹੈ ਕਿ ਸਕੂਲਾਂ ਤੋਂ ਨੋਟਿਸ ਭੇਜਣ ਦੇ ਸਾਡੇ ਸਮੁੱਚੇ ਅਮਲ ਨੂੰ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਸਿਹਤ ਵਾਲਿਆਂ ਤੋਂ ਜੋ ਅਸੀਂ ਬਹੁਤੀ ਵਾਰ ਸੁਣਦੇ ਹਾਂ, ਉਹ ਇਹ ਹੈ ਕਿ ਵਾਇਰਸ ਬਦਲ ਰਿਹਾ ਹੈ ਅਤੇ ਉਸ ਦੇ ਨਾਲ ਸਾਨੂੰ ਵੀ ਬਦਲਣ ਦੀ ਲੋੜ ਹੈ। ਓਮੀਕਰੌਨ ਨਾਲ ਸੰਬੰਧਿਤ ਇਹਨਾਂ ਚੀਜ਼ਾਂ ਕਾਰਨ ਸਾਡੇ ਨੋਟਿਸ ਭੇਜਣ ਦੇ ਅਮਲ ਦਾ ਕੀ ਮਤਲਬ ਹੈ, ਇਸ ਬਾਰੇ ਜਾਣਨ ਲਈ ਸਾਡਾ ਸਿਹਤ ਮੰਤਰਾਲਾ ਪੂਰੀ ਦ੍ਰਿੜਤਾ ਨਾਲ ਕੰਮ ਕਰ ਰਿਹਾ ਹੈ। ਹੋ ਸਕਦਾ ਹੈ ਕਿ ਇਸ ਬਾਰੇ ਸਾਨੂੰ ਕੋਈ ਬਹੁਤ ਜ਼ਿਆਦਾ ਵੱਖਰੀ ਗੱਲ ਕਰਨੀ ਪਵੇ, ਅਤੇ ਇਸ ਸੰਬੰਧ ਵਿੱਚ ਸਾਨੂੰ ਅਗਲੇ ਹਫਤੇ ਵਿੱਚ ਆਉਣ ਵਾਲੀ ਅਗਲੀ ਜਾਣਕਾਰੀ ਦੀ ਉਡੀਕ ਕਰਨੀ ਪਵੇਗੀ।

**ਨੰਬਰ ਦੋ: ਸਾਡੇ ਸਟਾਫ, ਕਮਿਊਨਿਟੀ ਦੇ ਮੈਂਬਰਾਂ ਅਤੇ ਵਿਦਿਆਰਥੀਆਂ ਲਈ ਅਗਲਾ ਹਫਤਾ ਕਿਸ ਤਰ੍ਹਾਂ ਦਾ ਹੋਵੇਗਾ?**

ਇਕ ਵਾਰ ਫਿਰ ਛੁੱਟੀਆਂ ਦੇ ਵਿਚਕਾਰ ਸਾਡੇ ਲਈ ਨਵਾਂ ਹੁਕਮ ਆਇਆ ਹੈ, ਜਦੋਂ ਸਾਡਾ ਸਟਾਫ ਇੱਥੇ ਨਹੀਂ ਹੈ, ਉਹ ਛੁੱਟੀਆਂ 'ਤੇ ਹਨ ਅਤੇ ਹੋ ਸਕਦਾ ਹੈ ਕਿ ਉਹਨਾਂ ਵਿੱਚੋਂ ਕੁੱਝ ਦੂਸਰੇ ਮੁਲਕਾਂ ਵਿੱਚ ਹੋਣ। ਉਹਨਾਂ ਦੇ ਕੰਮ ਦਾ ਪਹਿਲਾ ਦਿਨ ਸਰੀ ਵਿੱਚ ਸੋਮਵਾਰ ਨੂੰ ਹੈ ਅਤੇ ਸੂਬੇ ਦੇ ਬਾਕੀ ਦੇ ਬਹੁਤੇ ਹਿੱਸਿਆਂ ਵਿੱਚ ਕੰਮ ਦਾ ਪਹਿਲਾ ਦਿਨ ਮੰਗਲਵਾਰ ਨੂੰ ਹੈ। ਉਸ ਦਿਨ ਪਹਿਲੀ ਵਾਰ ਉਹਨਾਂ ਨੂੰ ਸਿਹਤ ਵਾਲਿਆਂ ਦੇ ਹੁਕਮਾਂ ਨੂੰ ਦੇਖਣ ਅਤੇ ਸਮਝਣ ਦਾ ਮੌਕਾ ਮਿਲੇਗਾ ਕਿ ਇਹਨਾਂ ਦਾ ਉਹਨਾਂ ਲਈ ਕੀ ਅਰਥ ਹੈ। ਸਿਹਤ ਦੇ ਨਵੇਂ ਹੁਕਮ ਉਹ ਚੀਜ਼ਾਂ ਕਰਨ 'ਤੇ ਜ਼ਿਆਦਾ ਜ਼ੋਰ ਦੇਣ ਲਈ ਤਿਆਰ ਕੀਤੇ ਗਏ ਹਨ, ਜਿਹਨਾਂ ਚੀਜ਼ਾਂ ਬਾਰੇ ਅਸੀਂ ਜਾਣਦੇ ਹਾਂ ਕਿ ਉਹ ਸਕੂਲਾਂ ਵਿੱਚ ਵਾਇਰਸ ਦੇ ਫੈਲਣ ਨੂੰ ਰੋਕਣ ਲਈ ਕੰਮ ਕਰਦੀਆਂ ਹਨ। ਸੁਰੱਖਿਆ ਦੇ ਵਧਾਏ ਗਏ ਇਹਨਾਂ ਉਪਾਵਾਂ ਵਿੱਚੋਂ ਬਹੁਤੇ ਉਪਾਅ ਅਸੀਂ ਪਹਿਲਾਂ ਦੇਖ ਚੁੱਕੇ ਹਾਂ। ਉਹ ਅਜਿਹੀਆਂ ਚੀਜ਼ਾਂ ਹਨ ਜਿਹੜੀਆਂ ਅਸੀਂ ਸਤੰਬਰ ਵਿੱਚ ਕਰ ਰਹੇ ਸੀ, ਜਿਵੇਂ ਇਕੱਠਾਂ ਨੂੰ ਸੀਮਤ ਕਰਨਾ, ਅਸੰਬਲੀਆਂ ਨਾ ਕਰਨਾ ਅਤੇ ਸਾਰੀਆਂ ਮੀਟਿੰਗਾਂ ਆਨਲਾਈਨ ਕਰਨਾ, ਬੱਚਿਆਂ ਨੂੰ ਵੱਖ ਵੱਖ ਰੱਖਣਾ, ਕਲਾਸ ਵਿੱਚਲੀ ਹਰ ਸੰਭਵ ਥਾਂ ਦੀ ਵਰਤੋਂ ਕਰਨਾ, ਅਤੇ ਵਿਜ਼ਟਰਾਂ 'ਤੇ ਪਾਬੰਦੀ ਲਾਉਣਾ। ਮੈਂ ਨਹੀਂ ਸਮਝਦਾ ਕਿ ਸਖਤ ਕੀਤੇ ਗਏ ਇਹਨਾਂ ਉਪਾਵਾਂ ਬਾਰੇ ਤੁਸੀਂ ਪਹਿਲਾਂ ਨਾ ਜਾਣਦੇ ਹੋਵੋ ਅਤੇ ਇਹਨਾਂ ਵਿੱਚ ਉਹ ਚੀਜ਼ਾਂ ਹਨ ਜਿਹਨਾਂ ਨੂੰ ਤੁਸੀਂ ਪਹਿਲਾਂ ਹੀ ਜਾਣਦੇ ਹੋ, ਅਤੇ ਸਾਡੇ ਸਟਾਫ ਨੂੰ ਉਹਨਾਂ 'ਤੇ ਗੌਰ ਕਰਨ ਅਤੇ ਇਹ ਚਰਚਾ ਕਰਨ ਦੀ ਲੋੜ ਹੈ ਕਿ ਇਹਨਾਂ ਉਪਾਵਾਂ ਨੂੰ ਦੁਬਾਰਾ ਕਿਵੇਂ ਲਾਗੂ ਕਰਨਾ ਹੈ। ਸੋਮਵਾਰ ਨੂੰ, ਜਦੋਂ ਸਾਡਾ ਸਟਾਫ ਕੰਮ 'ਤੇ ਵਾਪਸ ਆਵੇਗਾ ਤਾਂ ਦਿਨ ਦਾ ਪਹਿਲਾ ਹਿੱਸਾ ਮੇਰੇ ਵੱਲੋਂ ਇੱਥੇ ਦਿੱਤੇ ਜਾ ਰਹੇ ਪਹਿਲੇ ਸੁਨੇਹੇ 'ਤੇ ਕੇਂਦਰਿਤ ਹੋਵੇਗਾ, ਓਮੀਕਰੌਨ ਨਾਲ ਕੀ ਵੱਖਰਾ ਹੈ ਅਤੇ ਸੁਰੱਖਿਆ ਦੇ ਵਧਾਏ ਗਏ ਉਪਾਅ ਕੀ ਹਨ ਅਤੇ ਉਹਨਾਂ ਨੂੰ ਇਕਦਮ ਲਾਗੂ ਕਰਨ ਲਈ ਸਾਨੂੰ ਕੀ ਕਰਨਾ ਪਵੇਗਾ।

**ਨੰਬਰ ਤਿੰਨ: ਫੰਕਸ਼ਨਲ ਕਲੋਜ਼ਰ**

ਅਗਲੇ ਹਫਤੇ ਪਲੈਨਿੰਗ ਦਾ ਜ਼ਿਆਦਾ ਹਿੱਸਾ ਕੇਸਾਂ ਵਿੱਚ ਹੋਏ ਵੱਡੇ ਵਾਧੇ ਅਤੇ ਬੀਮਾਰ ਹੋਣ ਵਾਲੇ ਲੋਕਾਂ ਦੀ ਗਿਣਤੀ ਬਾਰੇ ਹੋਵੇਗਾ, ਅਸੀਂ ਸਕੂਲਾਂ ਦੇ ਫੰਕਸ਼ਨਲ ਕਲੋਜ਼ਰ ਦੀ ਸੰਭਾਵਨਾ ਦਾ ਅਨੁਮਾਨ ਲਾ ਰਹੇ ਹਾਂ। ਫੰਕਸ਼ਨਲ ਕਲੋਜ਼ਰ ਉਦੋਂ ਹੁੰਦਾ ਹੈ ਜਦੋਂ ਕੋਈ ਸਕੂਲ ਇਸ ਕਰਕੇ ਖੋਲ੍ਹਿਆ ਨਹੀਂ ਜਾ ਸਕਦਾ ਕਿਉਂਕਿ ਸਕੂਲ ਕੋਲ ਬੱਚਿਆਂ ਦੀ ਨਿਗਰਾਨੀ ਕਰਨ ਜਾਂ ਉਹਨਾਂ ਨੂੰ ਪੜ੍ਹਾਉਣ ਲਈ ਸਟਾਫ ਨਹੀਂ ਹੁੰਦਾ। ਇਹ ਜ਼ਰੂਰੀ ਨਹੀਂ ਕਿ ਇਹ ਆਊਟਬ੍ਰੇਕ ਦਾ ਮਾਮਲਾ ਹੋਵੇ; ਇਸ ਦਾ ਮਤਲਬ ਸਿਰਫ ਇਹ ਹੈ ਕਿ ਅਸੀਂ ਸਕੂਲ ਨਹੀਂ ਖੋਲ੍ਹ ਸਕਦੇ। ਇਹ ਤਕਰੀਬਨ ਬਰਫਬਾਰੀ ਦੇ ਉਸ ਦਿਨ ਵਰਗਾ ਹੋਵੇਗਾ ਜਦੋਂ ਲੋਕ ਸਕੂਲ ਨਹੀਂ ਆ ਸਕਦੇ ਅਤੇ ਅਸੀਂ ਬੱਚਿਆਂ ਦੀ ਨਿਗਰਾਨੀ ਨਹੀਂ ਕਰ ਸਕਦੇ। ਫੰਕਸ਼ਨਲ ਕਲੋਜ਼ਰ ਦਾ ਮਾਪਿਆਂ ਵੱਜੋਂ ਤੁਹਾਡੇ ਲਈ ਅਤੇ ਸਟਾਫ ਲਈ ਕੀ ਅਰਥ ਹੈ? ਇਸ ਦਾ ਇਹ ਮਤਲਬ ਹੈ ਕਿ ਇਹ ਇਕ ਸ਼ੁਰੂਆਤੀ ਦਿਨ ਜਾਂ ਡੇਅ ਜ਼ੀਰੋ ਹੋਵੇਗਾ, ਜਦੋਂ ਸਾਨੂੰ ਇਹ ਪਤਾ ਲੱਗੇਗਾ ਕਿ ਸਾਡੇ ਕੋਲ ਲੋੜੀਂਦਾ ਸਟਾਫ ਨਹੀਂ ਹੈ, ਅਸੀਂ ਵਿਦਿਆਰਥੀਆਂ ਦੀ ਨਿਗਰਾਨੀ ਨਹੀਂ ਕਰ ਸਕਦੇ, ਅਸੀਂ ਉਹਨਾਂ ਨੂੰ ਪੜ੍ਹਾਈ ਨਹੀਂ ਕਰਵਾ ਸਕਦੇ। ਅਸੀਂ ਵਿਦਿਆਰਥੀਆਂ ਨੂੰ ਘਰ ਭੇਜਾਂਗੇ, ਮਾਪਿਆਂ ਨੂੰ ਘਰ ਨੋਟਿਸ ਭੇਜਾਂਗੇ, ਫਿਰ ਇਹ ਪਤਾ ਲਾਵਾਂਗੇ ਕਿ ਕੀ ਸਾਡਾ ਸਟਾਫ ਅਗਲੇ ਦਿਨ ਜਾਂ ਦੋ ਜਾਂ ਤਿੰਨਾਂ ਜਾਂ ਪੰਜਾਂ ਦਿਨਾਂ ਨੂੰ ਵਾਪਸ ਆਏਗਾ। ਜੇ ਇਹ ਸਾਰੀਆਂ ਚੀਜ਼ਾਂ ਸੱਚ ਨਾ ਹੋਣ ਅਤੇ ਸਾਨੂੰ ਸਕੂਲ ਬੰਦ ਕਰਨ ਦੀ ਲੋੜ ਹੋਵੇ ਤਾਂ ਅਸੀਂ ਇਸ ਨੂੰ ਫੰਕਸ਼ਨਲ ਕਲੋਜ਼ਰ ਕਹਾਂਗੇ। ਅਸੀਂ ਪਰਿਵਾਰਾਂ ਨਾਲ ਰਾਬਤਾ ਕਰਾਂਗੇ; ਅਸੀਂ ਅਗਲਾ ਦਿਨ ਪਲੈਨਿੰਗ 'ਤੇ ਲਾਵਾਂਗੇ ਅਤੇ ਫਿਰ ਉਸ ਤੋਂ ਅਗਲੇ ਦਿਨ ਮੁਕੰਮਲ ਤੌਰ 'ਤੇ ਆਨਲਾਈਨ ਹੋ ਜਾਵਾਂਗੇ। ਇਸ ਲਈ ਸਾਡੇ ਸਟਾਫ ਅਤੇ ਪਰਿਵਾਰਾਂ ਲਈ ਫੰਕਸ਼ਨਲ ਕਲੋਜ਼ਰ ਦਾ ਮਤਲਬ ਹੈ ਕਿ ਸਕੂਲ ਆਨਲਾਈਨ ਹੋ ਜਾਣਗੇ। ਕਿੰਨੇ ਚਿਰ ਲਈ? ਇਸ ਬਾਰੇ ਸਾਨੂੰ ਅਜੇ ਸਪਸ਼ਟ ਸੇਧਾਂ ਨਹੀਂ ਮਿਲੀਆਂ, ਪਰ ਮੇਰਾ ਵਿਸ਼ਵਾਸ ਹੈ ਕਿ ਇਹ ਸੱਤ ਤੋਂ 10 ਦਿਨਾਂ ਦੇ ਸਮੇਂ ਲਈ ਹੋਵੇਗਾ। ਇਕ ਪਲ ਦੇ ਨੋਟਿਸ 'ਤੇ ਸਾਰੇ ਬੱਚਿਆਂ ਲਈ ਸਕੂਲ ਨੂੰ ਆਨਲਾਈਨ ਕਰਨ

ਲਈ ਸਟਾਫ ਨੂੰ ਬਹੁਤ ਸਾਰੀ ਪਲੈਨਿੰਗ ਦੀ ਲੋੜ ਪੈਂਦੀ ਹੈ। ਅਗਲੇ ਹਫਤੇ ਦੌਰਾਨ ਸਟਾਫ ਵੱਲੋਂ ਪਲੈਨਿੰਗ ਦਾ ਵੱਡਾ ਹਿੱਸਾ ਇਸ ਗੱਲ `ਤੇ ਲੱਗੇਗਾ।

ਸੋਮਵਾਰ ਨੂੰ ਸਾਡਾ ਸਟਾਫ ਇਸ ਗੱਲ `ਤੇ ਗੌਰ ਕਰੇਗਾ ਕਿ ਓਮੀਕਰੌਨ ਦੇ ਸੰਬੰਧ ਵਿੱਚ ਕੀ ਵੱਖਰਾ ਹੈ, ਸਾਡੇ ਸਿਹਤ ਅਤੇ ਸੁਰੱਖਿਆ ਦੇ ਨਿਯਮਾਂ `ਤੇ ਗੌਰ ਕਰੇਗਾ, ਅਤੇ ਫਿਰ ਇਸ ਗੱਲ ਬਾਰੇ ਵਿਚਾਰ ਕਰਨਾ ਸ਼ੁਰੂ ਕਰੇਗਾ ਕਿ ਜੇ ਕਿਸੇ ਦਿਨ ਸਾਨੂੰ ਫੰਕਸ਼ਨਲ ਕਲੋਜ਼ਰ ਕਰਨ ਦੀ ਲੋੜ ਪੈ ਜਾਵੇ ਤਾਂ ਅਸੀਂ ਇਸ ਬਾਰੇ ਕਿਸ ਤਰ੍ਹਾਂ ਪਲੈਨ ਕਰਾਂਗੇ।

ਮੈਂ ਉਮੀਦ ਕਰਦਾ ਹਾਂ ਕਿ ਇਸ ਨਾਲ ਤੁਹਾਨੂੰ ਸਭ ਤੋਂ ਮਹੱਤਵਪੂਰਨ ਤਿੰਨ ਚੀਜ਼ਾਂ ਬਾਰੇ ਥੋੜ੍ਹੀ ਜਿਹੀ ਜਾਣਕਾਰੀ ਮਿਲੀ ਹੋਵੇਗੀ। ਬਹੁਤ ਸਾਰੀ ਹੋਰ ਜਾਣਕਾਰੀ ਆਉਣ ਵਾਲੀ ਹੈ, ਬਹੁਤ ਸਾਰੇ ਸਵਾਲ ਹਨ ਜਿਹਨਾਂ ਦੇ ਜੁਆਬ ਨਹੀਂ ਦਿੱਤੇ ਗਏ ਅਤੇ ਅਸੀਂ ਆਉਣ ਵਾਲੇ ਦਿਨਾਂ ਵਿੱਚ ਹੋਰ ਜਾਣਕਾਰੀ ਪ੍ਰਦਾਨ ਕਰਾਂਗੇ। ਅਸੀਂ ਇਹ ਜਾਣਦੇ ਹਾਂ ਕਿ ਜਿਸ ਸਥਿਤੀ ਵਿੱਚ ਅਸੀਂ ਹੁਣ ਹਾਂ, ਇਸ ਸਥਿਤੀ ਵਿੱਚ ਅਸੀਂ ਪਹਿਲਾਂ ਵੀ ਰਹਿ ਚੁੱਕੇ ਹਾਂ। ਅਸੀਂ ਇਸ ਤਰ੍ਹਾਂ ਦੀਆਂ ਸਥਿਤੀਆਂ ਤੋਂ ਬਹੁਤ ਕੁੱਝ ਸਿੱਖਿਆ ਹੈ ਅਤੇ ਮੈਨੂੰ ਆਪਣੇ ਸਟਾਫ `ਤੇ ਪੂਰਨ ਭਰੋਸਾ ਹੈ ਕਿ ਉਹ ਇਹ ਕਰ ਸਕਦੇ ਹਨ ਅਤੇ ਚੰਗੀ ਤਰ੍ਹਾਂ ਕਰ ਸਕਦੇ ਹਨ ਅਤੇ ਅਸੀਂ ਉਨਾਂ ਦੇ ਸਮਰਥਨ ਲਈ ਸਦਾ ਹਾਜ਼ਰ ਹੋਵਾਂਗੇ। ਜੇ ਇਸ ਸਭ ਕਾਸੇ ਵਿੱਚ ਕੋਈ ਚੰਗੀ ਖਬਰ ਹੈ ਤਾਂ ਉਹ ਇਹ ਹੈ ਕਿ ਹੁਣ ਤੱਕ ਅਸੀਂ ਜੋ ਸੁਣਿਆ ਹੈ ਉਹ ਇਹ ਹੈ ਕਿ ਓਮੀਕਰੌਨ ਦੇ ਨਤੀਜੇ ਬਹੁਤ ਘੱਟ ਗੰਭੀਰ ਦਿਖਾਈ ਦਿੰਦੇ ਹਨ। ਜਦੋਂ ਕਿ ਕੇਸਾਂ ਦੀ ਗਿਣਤੀ ਜ਼ਿਆਦਾ ਹੈ, ਇਨਟੈਨਸਿਵ ਕੇਅਰ ਵਿੱਚ ਜਾਣ ਵਾਲਿਆਂ ਅਤੇ ਮਕੈਨੀਕਲ ਵੈਂਟੀਲੇਸ਼ਨ `ਤੇ ਜਾਣ ਵਾਲਿਆਂ ਦੀ ਗਿਣਤੀ ਇਕਸਾਰ ਜਾਂ ਘੱਟ ਹੈ। ਆਉ ਉਮੀਦ ਕਰੀਏ ਕਿ ਇਹ ਅਜਿਹੇ ਦੌਰ ਦੀ ਸ਼ੁਰੂਆਤ ਹੈ, ਜਿਸ ਵਿੱਚੋਂ ਅਸੀਂ ਇਕ ਵਾਰ ਫਿਰ ਗੁਜ਼ਰ ਸਕਾਂਗੇ ਅਤੇ ਅੰਤ `ਤੇ ਇਸ ਦੇ ਨਤੀਜੇ ਜ਼ਿਆਦਾ ਗੰਭੀਰ ਨਹੀਂ ਹੋਣਗੇ।

ਕਿਰਪਾ ਕਰਕੇ ਆਪਣਾ ਖਿਆਲ ਰੱਖਿਓ ਅਤੇ ਤੰਦਰੁਸਤ ਰਹਿਓ । ਬਹੁਤ ਸਾਰੀ ਹੋਰ ਜਾਣਕਾਰੀ ਆਉਣ ਵਾਲੀ ਹੈ ਅਤੇ ਮੈਨੂੰ ਆਸ ਹੈ ਕਿ ਇਹ ਜਾਣਕਾਰੀ ਇਸ ਸਮੇਂ ਮਦਦ ਕਰਨ ਵਾਲੀ ਹੈ। ਜ਼ਰੂਰ ਹੀ ਅਗਲੇ ਹਫਤੇ ਦੇ ਸ਼ੁਰੂ ਵਿੱਚ ਹੋਰ ਜਾਣਕਾਰੀ ਦਿੱਤੀ ਜਾਵੇਗੀ।

ਹਾਈਚਕੇ। ਆਪਣਾ ਖਿਆਲ ਰੱਖਿਓ।